# ਕਾਲਜ ਵਿੱਚ ਦਾਖ਼ਲ ਹੋਣ ਬਾਰੇ ਸੋਚ ਰਹੇ ਹੋ?

*ਸਮਾਰਟਰ ਬੈਲੇਂਸਡ (Smarter Balanced) ਅਤੇ ਤੁਹਾਡੇ 12ਵੇਂ ਗ੍ਰੇਡ ਕੋਰਸਵਰਕ ਵਿਕਲਪ ਸਹਾਇਤਾ ਕਰ ਸਕਦੇ ਹਨ।*

ਅੱਠ ਰਾਜਾਂ ਵਿੱਚ ਕਾਲਜ ਨੇਤਾ ਇਹ ਵਿਸ਼ਵਾਸ ਕਰਦੇ ਹਨ ਕਿ ਸਮਾਰਟਰ ਬੈਲੇਂਸਡ (Smarter Balanced) ਟੈਸਟਾਂ ਵਿੱਚ ਚੰਗਾ ਸਕੋਰ ਪ੍ਰਾਪਤ ਕਰਨ ਵਾਲੇ ਅਤੇ ਹਾਈ ਸਕੂਲ ਵਿੱਚ ਲਗਾਤਾਰ ਚੁਣੌਤੀਆਂ ਵਾਲੇ ਕੋਰਸ ਲੈਣ ਵਾਲੇ ਵਿਦਿਆਰਥੀ ਸਫ਼ਲਤਾ ਦੀ ਪ੍ਰਾਪਤੀ ਲਈ ਤਿਆਰ ਹੋਣਗੇ ਅਤੇ ਕਾਲਜ ਵਿੱਚ ਦਾਖ਼ਲ ਹੋਣਗੇ। ਇਨ੍ਹਾਂ ਰਾਜਾਂ ਵਿੱਚ ਤਕਰੀਬਨ 220 ਕਾਲਜ, ਯੂਨੀਵਰਸਿਟੀਆਂ, ਅਤੇ ਸਮਾਜਿਕ ਅਤੇ ਟੈਕਨੀਕਲ ਕਾਲਜਾਂ ਨੇ ਸਮਾਰਟਰ ਬੈਲੇਂਸਡ (Smarter Balanced) ਟੈਸਟਾਂ ਵਿੱਚ 3 ਜਾਂ 4 ਸਕੋਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖ਼ਲ ਹੋਣ ਤੋਂ ਬਾਦ ਸਿੱਧਾ ਹੀ ਐਂਟਰੀ-ਲੈਵਲ ਕ੍ਰੈਡਿਟ-ਬੀਅਰਿੰਗ ਕੋਰਸਾਂ ਵਿੱਚ ਦਰਜ ਕਰਨ ਦੀ ਸਹਿਮਤੀ ਦਿੱਤੀ ਹੈ।

***ਨੋਟ:*** *ਵਾਸ਼ਿੰਗਟਨ ਦੀਆਂ ਸਾਰੀਆਂ ਪਬਲਿਕ ਸੰਸਥਾਵਾਂ ਸਮਾਰਟਰ ਬੈਲੇਂਸਡ (Smarter Balanced) ਸਕੋਰਾਂ ਨੂੰ ਕਾਲਜ ਲਈ ਤਿਆਰੀ ਦੀ ਪਹਿਚਾਣ ਵਜੋਂ ਸਵੀਕਾਰ ਕਰਦੀਆਂ ਹਨ।*

## ਮੈਂ ਆਪਣੇ ਸਮਾਰਟਰ ਬੈਲੇਂਸਡ (Smarter Balanced) ਸਕੋਰਾਂ ਦੀ ਵਰਤੋਂ ਕਿਵੇਂ ਕਰ ਸਕਦਾ/ਸਕਦੀ ਹਾਂ?

- ਹਾਈ ਸਕੂਲ ਤੋਂ ਬਾਦ ਆਪਣੀ ਜ਼ਿੰਦਗੀ ਦੀ ਤਿਆਰੀ ਲਈ 12ਵੇਂ ਗ੍ਰੇਡ ਵਿੱਚ ਇੰਗਲਿਸ਼ ਅਤੇ ਮੈਥ ਦੇ ਕੋਰਸਾਂ ਦੀ ਚੋਣ ਕਰਨ ਵਿੱਚ ਸਹਾਇਤਾ ਲਈ ਸਕੋਰਾਂ ਦੀ ਵਰਤੋਂ ਕਰੋ।
- ਆਪਣੀ ਪਸੰਦ ਦੇ ਕਾਲਜ ਜਾਂ ਯੂਨੀਵਰਸਿਟੀ ਦੀਆਂ ਦਾਖ਼ਲਾ ਜ਼ਰੂਰਤਾਂ ਪੂਰੀਆਂ ਕਰੋ ਅਤੇ ਦਰਖ਼ਾਸਤ ਦਿਓ। ਜੇਕਰ ਤੁਹਾਨੂੰ ਪ੍ਰਵਾਨਗੀ ਮਿਲ ਜਾਂਦੀ ਹੈ, ਅਤੇ ਸਕੂਲ ਸਮਾਰਟਰ ਬੈਲੇਂਸਡ (Smarter Balanced) ਸਕੋਰਾਂ ਨਾਲ ਸਹਿਮਤ ਹੈ, 3 ਜਾਂ 4 ਦਾ ਸਕੋਰ ਤੁਹਾਨੂੰ ਹੋਰ ਪਲੇਸਮੈਂਟ ਟੈਸਟਿੰਗ ਅਤੇ ਮਹਿੰਗੀਆਂ ਉਪਚਾਰਾਤਮਕ ਕਲਾਸਾਂ ਤੋਂ ਬਚਾਵੇਗਾ। ਤੁਸੀਂ ਸਿੱਧਾ ਹੀ ਐਂਟਰੀ-ਲੈਵਲ ਕ੍ਰੈਡਿਟ-ਬੀਅਰਿੰਗ ਕੋਰਸਾਂ ਵਿੱਚ ਦਾਖ਼ਲ ਹੋ ਸਕਦੇ ਹੋ ਜੇਕਰ ਤੁਸੀਂ ਆਪਣੇ ਹਾਈ ਸਕੂਲ ਤੋਂ ਗ੍ਰੈਜੂਏਟ ਹੋਣ ਵਾਲੇ ਸਾਲ ਵਿੱਚ ਦਾਖ਼ਲਾ ਲੈਂਦੇ ਹੋ।

  ਸਕੋਰ ਪ੍ਰਾਪਤ ਕਰਨ ਦੀ ਕਾਰਜ-ਪ੍ਰਣਾਲੀ ਬਾਰੇ ਜਾਣਨ ਲਈ ਨਿੱਜੀ ਕਾਲਜਾਂ ਜਾਂ ਯੂਨੀਵਰਸਿਟੀਆਂ ਨਾਲ ਸੰਪਰਕ ਕਰੋ।

## ਕੀ ਹੋਵੇਗਾ ਜੇਕਰ ਮੈਂ 3 ਜਾਂ 4 ਸਕੋਰ ਪ੍ਰਾਪਤ ਨਹੀਂ ਕਰਦਾ/ਕਰਦੀ?

ਹਾਈ ਸਕੂਲ ਤੋਂ ਗੇਰੈਜੂਏਟ ਹੋਣ ਜਾਂ ਕਾਲਜ ਵਿੱਚ ਦਾਖ਼ਲ ਹੋਣ ਲਈ ਤੁਹਾਨੂੰ 3 ਜਾਂ 4 ਸਕੋਰ ਪ੍ਰਾਪਤ ਕਰਨ ਦੀ ਜ਼ਰੂਰਤ ਨਹੀਂ। ਪਰ ਘੱਟ ਸਕੋਰ ਇਹ ਦਰਸਾ ਸਕਦੇ ਹਨ ਕਿ ਤੁਹਾਨੂੰ ਹਾਈ ਸਕੂਲ ਛੱਡਣ ਤੋਂ ਪਹਿਲਾਂ ਵਿਸ਼ੇਸ਼ ਕੁਸ਼ਲਤਾਵਾਂ ਅਤੇ ਗਿਆਨ ਉੱਤੇ ਵਧੇਰੇ ਕੇਂਦਰਿਤ ਹੋਣ ਦੀ ਜ਼ਰੂਰਤ ਹੈ।

ਕਾਲਜ ਪਹੁੰਚਣ ਤੋਂ ਪਹਿਲਾਂ ਕਮਜ਼ੋਰੀਆਂ ਦੀ ਪਛਾਣ ਅਤੇ ਆਪਣੀਆਂ ਕੁਸ਼ਲਤਾਵਾਂ ਨੂੰ ਉਤਸ਼ਾਹਿਤ ਕਰਨ ਲਈ ਯੋਜਨਾ ਬਣਾਉਣ ਲਈ ਆਪਣੇ ਅਧਿਆਪਕਾਂ ਅਤੇ ਸਲਾਹਕਾਰਾਂ ਨਾਲ ਕੰਮ ਕਰੋ।

"ਬਰਿੱਜ-ਟੂ-ਕਾਲਜ" (Bridge-to-College) ਕੋਰਸ 12ਵੇਂ-ਗ੍ਰੇਡ ਇੰਗਲਿਸ਼ ਅਤੇ ਮੈਥ ਕੋਰਸ ਹਨ ਜਿਹੜੇ ਕਿ ਸਮਾਰਟਰ ਬੈਲੇਂਸਡ (Smarter Balanced) ਹਾਈ ਸਕੂਲ ਟੈਸਟਾਂ ਵਿੱਚ 2 ਸਕੋਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਤਿਆਰ ਕੀਤੇ ਗਏ ਹਨ।

ਜਿਹੜੇ ਵਿਦਿਆਰਥੀ ਬਰਿੱਜ ਕੋਰਸਾਂ ਵਿੱਚ "ਬੀ" ਜਾਂ ਵਧੀਆ ਪ੍ਰਾਪਤ ਕਰਦੇ ਹਨ, ਸਮਾਜਿਕ ਅਤੇ ਟੈਕਨੀਕਲ ਕਾਲਜਾਂ ਵਿੱਚ ਐਂਟਰੀ-ਲੈਵਲ ਕ੍ਰੈਡਿਟ-ਬੀਅਰਿੰਗ ਕੋਰਸਾਂ ਵਿੱਚ ਦਾਖ਼ਲ ਹੋਣ ਦੇ ਯੋਗ ਹਨ।

**ਹੋਰ ਸਖੋ!**

### ਸਮਾਰਟਰ ਬੈਲੇਂਸਡ (Smarter Balanced)
www.k12.wa.us/smarter

**ਹੋਰ ਸਖੋ!**

### ਰੈਡੀ। ਸੈੱਟ। ਗ੍ਰੈਡ।
www.readysetgrad.org

**ਹੋਰ ਸਖੋ!**

### ਕਾਲਜ ਕੋਰਸ ਪਲੇਸਮੈਂਟ
bit.ly/SB-HigherEd
www.wsac.wa.gov/college-readiness

**ਹੋਰ ਸਖੋ!**

### ਬਰਿੱਜ-ਟੂ-ਬਰਿੱਜ (Bridge-to-College) ਕਾਲਜ ਕੋਰਸ
bit.ly/BridgeToCollege

ਇਸ ਗ੍ਰਾਫਿਕ ਦੀ ਵਿਆਖਿਆ ਅਤੇ ਹਾਈ ਸਕੂਲ ਤੋਂ ਬਾਦ ਸਫ਼ਲਤਾ ਦਾ ਮਾਰਗ ਤਿਆਰ ਕਰਨ ਲਈ ਵਿਦਿਆਰਥੀ ਸਮਾਰਟਰ ਬੈਲੇਂਸਡ ਸਕੋਰਾਂ ਦੀ ਵਰਤੋਂ ਕਿਵੇਂ ਕਰ ਸਕਦੇ ਹਨ, ਲਈ ਵਿਡੀਓ ਦੇਖਣ ਲਈ ਇੱਥੇ ਜਾਓ youtu.be/a-ynZFX0m9oI

# READY WA ਆਪਣਾ ਜੀਵਨ ਮਾਰਗ ਤਿਆਰ ਕਰਨ ਲਈ SMARTER BALANCED ਸਕੋਰਾਂ ਦੀ ਵਰਤੋਂ ਕਰਨਾ

ਇਸ ਸਮੇਂ, ਵਾਸ਼ਿੰਗਟਨ ਵਿੱਚ ਕੇਵਲ 89 ਪ੍ਰਤੀਸ਼ਤ ਬਾਲਗਾਂ ਕੋਲ ਇੱਕ ਹਾਈ ਸਕੂਲ ਡਿਪਲੋਮਾ ਜਾਂ ਇਸਦੇ ਬਰਾਬਰ ਯੋਗਤਾ ਹੈ, ਅਤੇ ਇਨ੍ਹਾਂ ਬਾਲਗਾਂ ਵਿੱਚੋਂ ਸਿਰਫ਼ 50 ਪ੍ਰਤੀਸ਼ਤ ਤੋਂ ਵੀ ਘੱਟ ਕੋਲ ਇੱਕ ਪੋਸਟ-ਸੈਕੰਡਰੀ ਯੋਗਤਾ ਹੈ। 2023 ਤੱਕ, ਵਾਸ਼ਿੰਗਟਨ ਰਾਜ ਇਹ ਟੀਚਾ ਰੱਖ ਰਿਹਾ ਹੈ ਕਿ ਰਾਜ ਵਿੱਚ ਸਾਰੇ ਬਾਲਗਾਂ ਕੋਲ ਇੱਕ ਹਾਈ ਸਕੂਲ ਡਿਪਲੋਮਾ ਅਤੇ ਘੱਟੋ-ਘੱਟ 70 ਪ੍ਰਤੀਸ਼ਤ ਬਾਲਗਾਂ ਕੋਲ ਇੱਕ ਪੋਸਟ-ਸੈਕੰਡਰੀ ਯੋਗਤਾ ਹੋਵੇਗੀ।

ਹਾਈ ਸਕੂਲ ਤੋਂ ਬਾਦ ਵਿਦਿਆਰਥੀਆ ਨੂੰ ਸਫ਼ਲਤਾ ਦੇ ਮਾਰਗ ਉੱਤੇ ਲਿਆਉਣਾ ਉਹ ਸਥਿਤੀ ਹੈ ਜਿੱਥੇ ਕਾਮਨ ਕੋਰ ਸਟੇਟ ਸਟੈਂਡਰਡਜ਼ ਲਾਗੂ ਹੁੰਦੇ ਹਨ। ਇਹ ਸਪੱਸ਼ਟ, ਇੱਕਸਾਰ ਨਿਰਦੇਸ਼ ਪ੍ਰਦਾਨ ਕਰਦੇ ਹਨ ਜਿਨ੍ਹਾਂ ਬਾਰੇ ਹਰੇਕ ਵਿਦਿਆਰਥੀ ਨੂੰ ਜਾਣਕਾਰੀ ਅਤੇ ਮੈਥ ਅਤੇ ਇੰਗਲਿਸ਼ ਲੈਂਗਵੇਜ ਆਰਟਸ ਵਿੱਚ ਕਿੰਡਰਗਾਰਟਨ ਤੋਂ ਲੈ ਕੇ 12ਵੇਂ ਗ੍ਰੇਡ ਤੱਕ ਸਫ਼ਲ ਹੋਣ ਦੇ ਯੋਗ ਹੋਣਾ ਚਾਹੀਦਾ ਹੈ।

## SBA ਐਸਬੀਏ [SBA] SMARTER BALANCED ਮੁਲਾਂਕਣ

Smarter balanced ਮੁਲਾਂਕਣ ਪ੍ਰਣਾਲੀ, ਜਿਹੜੀ ਕਿ ਨਵੇਂ ਕਾਮਨ ਕੋਰ ਸਟੇਟ ਸਟੈਂਡਰਡਜ਼ ਨਾਲ ਲੈਅਬੱਧ ਕੀਤੀ ਗਈ ਹੈ, ਇਹ ਸੁਨਿਸਚਿਤ ਕਰਨ ਵਿੱਚ ਸਹਾਇਤਾ ਕਰਨ ਲਈ ਕਿ ਵਿਦਿਆਰਥੀ ਸਫ਼ਲਤਾ ਦੇ ਸਹੀ ਮਾਰਗ ਉੱਤੇ ਚੱਲ ਰਹੇ ਹਨ, ਪੂਰੇ ਸਾਲ ਵਿੱਚ ਉਨ੍ਹਾਂ ਮਿਆਰਾਂ ਉੱਤੇ ਵਿਦਿਆਰਥੀ ਦੀ ਤਰੱਕੀ ਨੂੰ ਮਾਪਣ ਅਤੇ ਲੋੜੀਂਦੀਆਂ ਵਿਵਸਥਾਵਾਂ ਅਤੇ ਦਖ਼ਲਅੰਦਾਜ਼ੀਆਂ ਕਰਨ ਦਾ ਇੱਕ ਢੰਗ ਪ੍ਰਦਾਨ ਕਰਦੀ ਹੈ। ਇਹ ਮੁਲਾਂਕਣ 3 - 8 ਅਤੇ 11 ਗ੍ਰੇਡ ਵਿੱਚ ਪ੍ਰਬੰਧਿਤ ਕੀਤੇ ਜਾਂਦੇ ਹਨ।

## HS +BP ਹਾਈ ਸਕੂਲ ਅਤੇ ਇਸਤੋਂ ਬਾਦ ਦੀ ਯੋਜਨਾ

ਹਾਈ ਸਕੂਲ ਅਤੇ ਇਸਤੋਂ ਬਾਦ ਦੀ ਯੋਜਨਾ, ਕਾਲਜ- ਅਤੇ ਜੀਵਨਯਾਤਰਾ-ਤਿਆਰੀ ਪ੍ਰਤੀ ਹਰੇਕ ਵਿਦਿਆਰਥੀ ਦੇ ਨਿੱਜੀ ਮਾਰਗ ਦਾ ਵਿਕਾਸ ਕਰਨ ਲਈ ਪਾਤਾ-ਪਿਤਾ/ਸਰਪ੍ਰਸਤਾਂ, ਸਿੱਖਿਅਕਾਂ ਅਤੇ ਵਿਦਿਆਰਥੀਆਂ ਨੂੰ ਇਕੱਠਿਆਂ ਕਰਦੀ ਹੈ। ਇਹ ਯੋਜਨਾ ਵਿਦਿਅਕ ਅਤੇ ਜੀਵਨਮਾਰਗ ਟੀਚਿਆਂ, ਅਤੇ ਉੱਥੇ ਤੱਕ ਪਹੁੰਚਣ ਲਈ ਲੋੜੀਂਦੇ ਕੋਰਸਾਂ, ਇਮਤਿਹਾਨਾਂ, ਅਤੇ ਸਮਾਜਿਕ ਜਾਂ ਕੰਮ-ਸੰਬੰਧੀ ਤਜਰਬਿਆਂ ਦੀ ਰੂਪਰੇਖਾ ਦਰਸਾਉਂਦੀ ਹੈ। ਇਹ ਸੁਨਿਸਚਿਤ ਕਰਨ ਲਈ ਕਿ ਤੁਸੀਂ ਆਪਣੇ ਟੀਚਿਆਂ ਤੱਕ ਪਹੁੰਚਣ ਲਈ ਸਹੀ ਮਾਰਗ ਉੱਤੇ ਚੱਲ ਰਹੇ ਹੋ, ਆਪਣੇ ਪਰਿਵਾਰ, ਅਧਿਆਪਕਾਂ ਅਤੇ ਹਾਈ ਸਕੂਲ ਦੇ ਸਾਰੇ ਨਿਰਦੇਸ਼ਕ ਸਲਾਹਕਾਰਾਂ ਨਾਲ ਯੋਜਨਾ ਦੀ ਸਮੀਖਿਆ ਕਰੋ।

SBA ਤੁਹਾਡੇ **Smarter balanced** ਅਸੈਸਮੈਂਟ ਸਕੋਰ ਚਾਰ ਪੱਧਰਾਂ ਵਿੱਚੋਂ ਇੱਕ ਦੇ ਹੇਠ ਆਉਣਗੇ। ਤੁਸੀਂ ਮੈਥ ਲਈ ਇੱਕ ਐਸਬੀਏ ਸਕੋਰ ਅਤੇ ਇੰਗਲਿਸ਼ ਲਈ ਇੱਕ ਅਲੱਗ ਐਸਬੀਏ ਸਕੋਰ ਪ੍ਰਾਪਤ ਕਰੋਗੇ। ਭਾਵੇਂ ਤੁਸੀਂ 1-2, ਜਾਂ 3-4 ਸਕੋਰ ਪ੍ਰਾਪਤ ਕਰਦੇ ਹੋ, ਸਫ਼ਲਤਾ ਦਾ ਮਾਰਗ ਮੌਜੂਦ ਹੈ। 1 2 3 4

### 8ਵਾਂ ਗ੍ਰੇਡ (SBA)

**1 2 — ਤੁਸੀਂ ਇਹ ਪ੍ਰਾਪਤ ਕਰ ਲਿਆ ਹੈ!**

**ਹਾਈ ਸਕੂਲ ਤੋਂ ਬਾਦ ਤੁਹਾਡੇ ਕੋਲ ਬਹੁਤ ਸਾਰੇ ਵਿਕਲਪ ਹੁੰਦੇ ਹਨ,** ਪਰ ਉੱਥੋਂ ਤੱਕ ਪਹੁੰਚਣ ਲਈ ਸਖ਼ਤ ਮਿਹਨਤ ਅਤੇ ਵਾਧੂ ਸਹਾਇਤਾ ਦੀ ਜ਼ਰੂਰਤ ਪਵੇਗੀ।

**ਕੇਂਦਰਿਤ ਰਹੋ!** ਆਪਣੇ ਸਲਾਹਕਾਰਾਂ ਨੂੰ ਮਿਲੋ ਅਤੇ ਸੁਧਾਰ ਹੋਣ ਵਾਲੇ ਖੇਤਰਾਂ ਉੱਤੇ ਕੇਂਦਰਿਤ ਰਹਿਣਾ ਸੁਨਿਸਚਿਤ ਕਰੋ।

**ਸਹਾਇਤਾ ਦੀ ਮੰਗ ਕਰੋ!** ਵਾਧੂ ਸਹਾਇਤਾ ਲਈ ਆਪਣੇ ਅਧਿਆਪਕਾਂ, ਸਲਾਹਕਾਰ ਅਤੇ/ਜਾਂ ਮਾਤਾ-ਪਿਤਾ ਨਾਲ ਸੰਪਰਕ ਕਰੋ।

**ਆਪਣੇ ਆਪ ਨੂੰ ਚੁਣੌਤੀ ਦਿਓ!** ਵਧੇਰੇ ਸਖ਼ਤ ਕੋਰਸਾਂ ਵਿੱਚ ਸ਼ਾਮਲ ਹੋਵੋ।

**3 4 — ਬਹੁਤ ਵਧੀਆ ਕਾਰਗੁਜ਼ਾਰੀ!**

**ਤੁਸੀਂ ਕਾਲਜ ਅਤੇ ਜੀਵਨਮਾਰਗ-ਤਿਆਰ ਮਾਰਗ ਉੱਤੇ ਹੋ!**

**ਚੁਣੌਤੀ-ਭਰਪੂਰ ਪਰ ਫੇਰ ਵੀ ਪ੍ਰਬੰਧਯੋਗ ਸਮਾਂ-ਸਾਰਣੀ ਕਾਇਮ ਰੱਖੋ।**

**ਆਪਣੇ ਮਾਤਾ-ਪਿਤਾ/ਸਰਪ੍ਰਸਤਾਂ ਨੂੰ ਸੰਪਰਕ ਵਿੱਚ ਰੱਖੋ।**

**ਅਗਲੀ ਯੋਜਨਾ ਬਣਾਓ!** ਉਨ੍ਹਾਂ ਔਖੀਆਂ ਕਲਾਸਾਂ ਬਾਰੇ ਪਤਾ ਕਰੋ ਜਿਨ੍ਹਾਂ ਵਿੱਚ ਤੁਸੀਂ ਸ਼ਾਮਲ ਹੋ ਸਕਦੇ ਹੋ ਅਤੇ ਉਹ ਕਲਾਸਾਂ ਜਿਹੜੀਆਂ ਕਾਲਜ ਕ੍ਰੈਡਿਟ ਦੀ ਪੇਸ਼ਕਸ਼ ਕਰਦੀਆਂ ਹਨ।

HS +BP: ਇੰਗਲਿਸ਼ ਅਤੇ ਮੈਥ ਦੋਹਾਂ ਵਿੱਚ ਐਸਬੀਏ ਸਕੋਰ ਪ੍ਰਾਪਤ ਕਰਨ ਤੋਂ ਬਾਦ, ਆਪਣੇ ਹਾਈ ਸਕੂਲ ਵਰ੍ਹਿਆਂ ਲਈ ਟੀਚੇ ਮਿੱਥਣ ਲਈ ਆਪਣੇ ਮਾਤਾ-ਪਿਤਾ/ਸਰਪ੍ਰਸਤਾਂ, ਸਲਾਹਕਾਰ ਅਤੇ ਅਧਿਆਪਕਾਂ ਨਾਲ **ਹਾਈ ਸਕੂਲ ਅਤੇ ਇਸਤੋਂ ਬਾਦ ਦੀ ਯੋਜਨਾ** ਤਿਆਰ ਕਰਨ ਲਈ ਕਾਰਜਸ਼ੀਲ ਹੋਵੋ।

### 9ਵਾਂ ਗ੍ਰੇਡ

ਇਹ ਸੁਨਿਸਚਿਤ ਕਰਨ ਲਈ ਕਿ ਤੁਸੀਂ ਆਪਣੀ ਯੋਜਨਾ ਅਨੁਸਾਰ ਚੱਲ ਰਹੇ ਹੋ, ਆਪਣੇ ਅਧਿਆਪਕਾਂ, ਮਾਤਾ-ਪਿਤਾ, ਅਤੇ ਸਲਾਹਕਾਰ ਨਾਲ ਨਿਯਮਿਤ ਤੌਰ 'ਤੇ **ਸੰਪਰਕ ਕਰੋ।**

### 10ਵਾਂ ਗ੍ਰੇਡ

**HS+BP ਚੈੱਕ-ਇਨ**

### 11ਵਾਂ ਗ੍ਰੇਡ (SBA)

**1 2 — ਤੁਸੀਂ ਇਹ ਕਰ ਸਕਦੇ ਹੋ!**

**ਤੁਸੀਂ ਕਾਲਜ ਜਾ ਸਕਦੇ ਹੋ,** ਪਰ ਉੱਥੋਂ ਤੱਕ ਪਹੁੰਚਣ ਲਈ ਕੇਂਦਰਿਤ ਹੋਣ, ਦ੍ਰਿੜ੍ਹ ਇਰਾਦੇ ਅਤੇ ਵਾਧੂ ਸਹਾਇਤਾ ਦੀ ਜ਼ਰੂਰਤ ਪਵੇਗੀ।

**ਤਬਦੀਲੀ ਕੋਰਸ**
ਹਾਈ ਸਕੂਲ ਦੇ ਸੀਨੀਅਰ ਜਿਨ੍ਹਾਂ ਨੂੰ ਕਾਲਜ ਵਿੱਚ ਦਾਖ਼ਲ ਅਤੇ ਸਫ਼ਲ ਹੋਣ ਲਈ ਤਿਆਰੀ ਕਰਨ ਲਈ ਵਾਧੂ ਸਹਾਇਤਾ ਦੀ ਜ਼ਰੂਰਤ ਹੈ, ਅਧਿਆਪਕਾਂ ਦੀਆਂ ਟੀਮਾਂ ਅਤੇ ਕਾਲਜ ਦੇ ਅਧਿਕਾਰੀ ਤਬਦੀਲੀ ਕੋਰਸ ਵਿਕਸਿਤ ਅਤੇ ਪੇਸ਼ ਕਰ ਰਹੇ ਹਨ।

**3 4 — ਚੱਲਦੇ ਰਹੋ!**

**ਤੁਸੀਂ 12ਵੇਂ ਗ੍ਰੇਡ ਤੱਕ ਕਾਲਜ- ਅਤੇ ਜੀਵਨਮਾਰਗ ਲਈ ਟੀਚੇ ਅਨੁਸਾਰ ਚੱਲ ਰਹੇ ਹੋ।**

**ਪੈਸੇ ਬਚਾਓ!** ਕਾਲਜ ਕ੍ਰੈਡਿਟ ਪ੍ਰਾਪਤ ਕਰੋ ਅਤੇ ਰਨਿੰਗ ਸਟਾਰਟ, ਐਡਵਾਂਸਡ ਪਲੇਸਮੈਂਟ, ਜਾਂ ਹੋਰ ਡੁਅਲ-ਕ੍ਰੈਡਿਟ ਵਿਕਲਪਾਂ ਰਾਹੀਂ ਖਰਚੇ ਬਚਾਓ।

### 12ਵਾਂ ਗ੍ਰੇਡ

**HS+BP ਚੈੱਕ-ਇਨ**

### ਗ੍ਰੈਜੂਏਟ ਮੁਬਾਰਕਾਂ!

ਤੁਸੀਂ ਕਿਸੇ ਵੀ ਚੁਣੇ ਹੋਏ ਮਾਰਗ ਵਿੱਚ ਸਫ਼ਲ ਹੋਣ ਵਾਲੀਆਂ ਕੁਸ਼ਲਤਾਵਾਂ ਸਮੇਤ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਪ੍ਰਾਪਤ ਕਰ ਲਈ ਹੈ!

- ਐਪਰੈਂਟਸਸ਼ਿਪ
- ਕਾਲਜ ਜਾਂ ਯੂਨੀਵਰਸਿਟੀ
- ਪ੍ਰੋਫੈਸ਼ਨਲ ਟੈਕਨੀਕਲ ਪ੍ਰੋਗਰਾਮ
- ਮਿਲਟਰੀ

## ਸਰੋਤ

- **ਰੈਡੀ ਵਾਸ਼ਿੰਗਟਨ:** www.readywa.org
- **ਗ੍ਰੈਜੂਏਸ਼ਨ ਜ਼ਰੂਰਤਾਂ:** www.sbe.wa.gov/graduation.php
- **ਰੈਡੀ ਸੈੱਟ ਗ੍ਰੈਡ। ਇੰਟਰੈਕਟਿਵ ਕਾਲਜ ਪਲੈਨਿੰਗ ਵੈਬਸਾਈਟ:** www.readysetgrad.org

ਇਸ ਕੰਮ ਲਈ ਫੰਡਿੰਗ, ਇੰਪਰੂਵਿੰਗ ਸਟੂਡੈਂਟ ਲਰਨਿੰਗ ਐਟ ਸਕੇਲ (Improving Student Learning at Scale) ਗ੍ਰਾਂਟ ਦੇ ਮੌਕੇ ਵਜੋਂ ਪ੍ਰਦਾਨ ਕੀਤੀ ਜਾਂਦੀ ਹੈ: **www.wsac.wa.gov/isls-group**